## ਸਿਫਾਰਸ਼ ਦੀ ਤਾਰੀਖ਼ ਦੀ ਪੁਸ਼ਟੀ **(Referral Date Confirmation)**

ਅੰਤਰਿਮ ਗੈਰ-ਪੁਸ਼ਟੀ (**Tentative Nonconfirmation - TNC)**
(ਸੋਸ਼ਲ ਸਕਿਊਰਟੀ ਐਡਮਿਨਿਸਟ੍ਰੇਸ਼ਨ (**SSA)** ਅਤੇ ਯੂ.ਐੱਸ. ਡਿਪਾਰਟਮੈਂਟ ਆਫ ਹੋਮਲੈਂਡ ਸਕਿਊਰਟੀ (**DHS))**

**E-**ਕੇਸ ਪੁਸ਼ਟੀਕਰਨ ਸੰਖਿਆ ਦੀ ਪੁਸ਼ਟੀ ਕਰੋ: 2018064194603WZ

ਕਰਮਚਾਰੀ ਦਾ ਨਾਮ:

ਤੁਹਾਡੇ ਵੱਲੋਂ ਇੱਕ ਅੰਤਰਿਮ ਗੈਰ-ਪੁਸ਼ਟੀ (Tentative Nonconfirmation) ਦਾ ਨਿਪਟਾਰਾ ਕਰਨ ਲਈ ਕਾਰਵਾਈ ਕਰਨ ਦਾ ਫੈਸਲਾ ਕਰਨ ਦੇ ਬਾਅਦ, ਤੁਹਾਡੇ ਰੁਜ਼ਗਾਰਦਾਤਾ ਨੇ ਤੁਹਾਡੇ E-Verify ਕੇਸ ਨੂੰ SSA ਅਤੇ DHS ਕੋਲ ਭੇਜ ਦਿੱਤਾ ਹੈ। ਇਹ ਦਸਤਾਵੇਜ਼ ਪੁਸ਼ਟੀ ਕਰਦਾ ਹੈ ਕਿ ਤੁਹਾਡੇ ਕੇਸ ਨੂੰ SSA ਅਤੇ DHS ਕੋਲ ਭੇਜਿਆ ਗਿਆ ਸੀ।

### ਤੁਹਾਨੂੰ ਕੀ ਕਰਨਾ ਚਾਹੀਦਾ ਹੈ

ਸੰਘੀ ਸਰਕਾਰ ਦੇ 8 ਕਾਰੋਬਾਰੀ ਦਿਨਾਂ ਦੇ ਅੰਦਰ, ਕਿਸੇ SSA ਫੀਲਡ ਆਫਿਸ ਵਿਖੇ ਜਾਓ ਅਤੇ DHS ਨੂੰ ਕਾਲ ਕਰੋ, ਯਾਨੀ ਕਿ ____ (MM/DD/YYYY) ਤੱਕ, ਤਾਂ ਜੋ TNC ਦਾ ਨਿਪਟਾਰਾ ਕੀਤੇ ਜਾਣ ਨੂੰ ਸ਼ੁਰੂ ਕੀਤਾ ਜਾ ਸਕੇ। ਜੇ ਤੁਸੀਂ ਆਪਣੇ ਰੁਜ਼ਗਾਰਦਾਤਾ ਕੋਲੋਂ E-Verify ਅਗਲੇਰੀ ਕਾਰਵਾਈ ਦਾ ਨੋਟਿਸ ਪ੍ਰਾਪਤ ਨਹੀਂ ਕੀਤਾ, ਤਾਂ ਇਸ ਨੋਟਿਸ ਨੂੰ ਪ੍ਰਾਪਤ ਕਰਨ ਲਈ ਆਪਣੇ ਰੁਜ਼ਗਾਰਦਾਤਾ ਨਾਲ ਤੁਰੰਤ ਸੰਪਰਕ ਕਰੋ।

E-Verify ਅਗਲੇਰੀ ਕਾਰਵਾਈ ਦੇ ਨੋਟਿਸ ਵਿੱਚ ਤੁਹਾਡੇ E-Verify ਕੇਸ ਬਾਰੇ ਜਾਣਕਾਰੀ ਅਤੇ ਇਹ ਸ਼ਾਮਲ ਹੈ ਕਿ SSA ਕੋਲ ਜਾਣ ਸਮੇਂ ਅਤੇ DHS ਨਾਲ ਸੰਪਰਕ ਕਰਦੇ ਸਮੇਂ ਤੁਹਾਨੂੰ ਕਿਹੜੇ ਦਸਤਾਵੇਜ਼ਾਂ ਦੀ ਲੋੜ ਹੈ। SSA ਦੇ ਫੀਲਡ ਆਫਿਸ ਜਾਣ ਸਮੇਂ ਅਤੇ DHS ਨਾਲ ਸੰਪਰਕ ਕਰਦੇ ਸਮੇਂ E-Verify ਅਗਲੇਰੀ ਕਾਰਵਾਈ ਦੇ ਨੋਟਿਸ ਨੂੰ ਆਪਣੇ ਕੋਲ ਰੱਖੋ।

ਜੇ ਤੁਸੀਂ ਸੰਘੀ ਸਰਕਾਰ ਦੇ 8 ਕਾਰੋਬਾਰੀ ਦਿਨਾਂ ਅੰਦਰ, ____ (MM/DD/YYYY) ਤੱਕ ਕਾਰਵਾਈ ਨਹੀਂ ਕਰਦੇ, ਤਾਂ ਇੱਕ ਅੰਤਿਮ ਗੈਰ-ਪੁਸ਼ਟੀ (Final Nonconfirmation) ਜਾਰੀ ਕੀਤੀ ਜਾਵੇਗੀ ਅਤੇ ਤੁਹਾਡਾ ਰੁਜ਼ਗਾਰਦਾਤਾ ਤੁਹਾਡੇ ਰੁਜ਼ਗਾਰ ਨੂੰ ਸਮਾਪਤ ਕਰ ਸਕਦਾ ਹੈ। ਰੁਜ਼ਗਾਰਦਾਤਾ ਨੂੰ ਲਾਜ਼ਮੀ ਤੌਰ 'ਤੇ ਤੁਹਾਨੂੰ TNC ਦਾ ਨਿਪਟਾਰਾ ਕਰਨ ਲਈ ਕਾਰਵਾਈ ਕਰਨ ਦੀ ਇਜਾਜ਼ਤ ਦੇਣੀ ਚਾਹੀਦੀ ਹੈ ਅਤੇ ਜਦ ਤੱਕ ਤੁਸੀਂ DHS TNC ਬਾਬਤ ਲੜ ਰਹੇ ਹੋ ਅਤੇ ਤੁਹਾਡਾ E-Verify ਕੇਸ ਵਿਚਾਰ-ਅਧੀਨ ਹੈ, ਤਦ ਤੱਕ ਉਹ ਤੁਹਾਡੇ ਖਿਲਾਫ ਪ੍ਰਤੀਕੂਲ ਕਾਰਵਾਈ ਨਹੀਂ ਕਰ ਸਕਦਾ।

### ਵਧੇਰੇ ਜਾਣਕਾਰੀ ਵਾਸਤੇ

ਜੇ ਤੁਹਾਡੇ ਇਸ ਬਾਰੇ ਸਵਾਲ ਹਨ ਕਿ ਕੀ ਕਰਨਾ ਹੈ, ਤਾਂ E-Verify ਨੂੰ 888-897-7781 (TTY: 877-875-6028) 'ਤੇ ਕਾਲ ਕਰੋ ਜਾਂ E-Verify@dhs.gov 'ਤੇ ਈਮੇਲ ਕਰੋ। ਜੇ ਤੁਹਾਨੂੰ ਅੰਗਰੇਜ਼ੀ ਤੋਂ ਬਿਨਾਂ ਕਿਸੇ ਹੋਰ ਭਾਸ਼ਾ ਵਿੱਚ ਸਹਾਇਤਾ ਦੀ ਲੋੜ ਹੈ ਤਾਂ ਤੁਸੀਂ E-Verify ਦੇ ਗਾਹਕ ਪ੍ਰਤੀਨਿਧ ਨੂੰ ਕਿਸੇ ਦੁਭਾਸ਼ੀਏ ਬਾਰੇ ਪੁੱਛ ਸਕਦੇ ਹੋ। E-Verify ਬਾਰੇ ਹੋਰ ਜਾਣਕਾਰੀ ਵਾਸਤੇ, ਜਿਸ ਵਿੱਚ ਸਾਡੀਆਂ ਪਰਦੇਦਾਰੀ ਸਬੰਧੀ ਪ੍ਰਥਾਵਾਂ ਅਤੇ ਪ੍ਰੋਗਰਾਮ ਦੇ ਨਿਯਮ ਵੀ ਸ਼ਾਮਲ ਹਨ, E-Verify ਦੀ ਵੈੱਬਸਾਈਟ www.e-verify.gov ਦੇਖੋ।